بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 09.08.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਜਲਸਾ ਸਾਲਾਨਾ ਯੂ.ਕੇ. 2019 ਵਿੱਚ ਸ਼ਮਾਲ ਹੋਣ ਵਾਲੇ ਮਹਿਮਾਨਾਂ ਦੇ ਇਮਾਨ ਨੂੰ ਵਧਾਉਣ ਵਾਲੇ ਫ਼ੀਡਬੈਕ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 9 ਅਗਸਤ 2019 ਈ. ਨੂੰ ਮਸਜਿਦ ਬੈਤੁਲਫ਼ੁਤੂਹ, ਮੋਰਡਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਐਤਵਾਰ ਨੂੰ ਰੱਬ ਦੀ ਅਪਾਰ ਮਿਹਰ ਨਾਲ ਯੂਕੇ ਦੇ ਤਿੰਨ ਦਿਨਾਂ ਦੇ ਸਾਲਾਨਾ ਜਲਸੇ ਦਾ ਅੰਤ ਹੋਇਆ । ਰੱਬ ਦੀਆਂ ਅਥਾਹ ਮਿਹਰਾਂ ਤੇ ਬਰਕਤਾਂ ਇਹਨਾ ਜਲਸਿਆਂ ਨਾਲ ਸੰਬੰਧਤ ਹਨ ਜਿੰਨ੍ਹਾ ਦਾ ਲਾਭ ਪਾਉਣ ਵਾਲੇ ਅਸੀਂ ਬਣਦੇ ਹਾਂ । ਸਭ ਤੋਂ ਪਹਿਲਾਂ ਮੈਂ ਸਾਰਿਆਂ ਪੁਰੁਸ਼ ਕਾਰਕੁਨਾ (ਵਰਕਰਾਂ) ਤੇ ਇਸਤਰੀ ਕਾਰਕੁਨਾ ਦਾ ਸ਼ੁਕਰਾਨਾ ਅਦਾ ਕਰਦਾ ਹਾਂ ਜੋ ਕਿਸੇ ਵੀ ਵਿਭਾਗ ਨਾਲ ਸੰਬੰਧਤ ਸਨ, ਕਿਸੇ ਵਿਭਾਗ ਵਿੱਚ ਕਿਸੇ ਵੀ ਪ੍ਰਕਾਰ ਕਿਸੇ ਵੀ ਹੈਸੀਯਤ (ਸਿਥਿਤੀ) ਨਾਲ ਕੰਮ ਕਰ ਰਹੇ ਸਨ । ਸਹਾਇਕ ਤੋਂ ਲੈਕੇ ਅਫ਼ਸਰ ਤੱਕ ਇਸਤਰੀ, ਪੁਰੁਸ਼, ਬੱਚੇ, ਜੁਆਨ ਤੇ ਬੁਜ਼ੁਰਗ ਸਾਰਿਆਂ ਨੇ ਬਹੁਤ ਨਿਰਸਵਾਰਥ ਹੋਕੇ ਆਪਣੀਆਂ ਡਿਊਟੀਆਂ ਤੇ ਕਰਤਵਾਂ ਨੂੰ ਨੇਪਰੇ ਚਾੜ੍ਹਿਆ ਅਤੇ ਮਹਿਮਾਨਾ ਸਾਹਮਣੇ ਆਪਣੇ ਅਮਲਾਂ ਰਾਹੀਂ ਇਸਲਾਮ ਦਾ ਵਾਸਤਵਿਕ ਚਿਤੱਰ ਪੇਸ਼ ਕਰ ਰਹੇ ਸਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਕੁਝ ਲੋਕਾਂ ਦੇ ਪ੍ਰਭਾਵ (ਫ਼ੀਡਬੈਕ) ਪੇਸ਼ ਕਰਾਂਗਾ ।

ਮਾਲੇਹੋ ਯਾਕੂਬ ਸਾਹਬ ਵਾਇਸ ਪ੍ਰੈਜ਼ੀਡੈਂਟ ਮੁਸਲਿਮ ਕੰਮਿਯੂਨਿਟੀ ਬੈਨਿਨ ਕਹਿੰਦੇ ਹਨ, ਮੈਂ ਵੀਹ ਤੋਂ ਵੱਧ ਹੱਜ ਕੀਤੇ ਹਨ ਪਰ ਜਮਾਤ ਅਹਮਦੀਆ ਦੇ ਜਲਸੇ ਵਿੱਚ ਸ਼ਮਾਲ ਹੋਕੇ ਮੈਨੂੰ ਉਸ ਤੋਂ ਕਿਤੇ ਵੱਧ ਚੰਗੇ ਪ੍ਰਬੰਧ ਦੇਖਣ ਦਾ ਮੋਕਾ ਮਿਲਿਆ ਹੈ । ਮੈਂ ਬਹੁਤ ਸਾਰੀਆਂ ਧਾਰਮਕ ਕਾਂਫ੍ਰੰਸਾਂ ਅਤੇ ਸਮਾਰੋਹਾਂ ਵਿੱਚ ਭਾਗ ਲਿਆ ਹੈ ਪਰ ਜਲਸਾ ਸਾਲਾਨਾ ਜਿਹਾ ਮਾਹੌਲ ਕਿਤੇ ਨਹੀਂ ਮਿਲਿਆ । ਮੈਂ ਇੱਥੇ ਆਣਕੇ ਬਹੁਤ ਕੁਝ ਸਿੱਖਿਆ ਹੈ । ਅਹਮਦੀਅਤ ਹੀ ਹਕੀਕੀ ਇਸਲਾਮ ਹੈ । ਕਹਿੰਦੇ ਹਨ ਕਿ ਮੈਂ ਬੈਨਿਨ ਜਾਕੇ ਲੋਕਾਂ ਨੂੰ ਦਸੱਾਂਗਾ ਕਿ ਦੂਜਿਆਂ ਦੀਆਂ ਗੱਲਾਂ'ਤੇ ਕੰਨ੍ਹ ਨ ਧਰੋ ਅਤੇ ਅਹਮਦੀਅਤ ਤੋਂ ਸਿੱਖੋ । ਕੇਵਲ ਅਹਮਦੀ ਹੀ ਹਨ ਜੋ ਦੁਨੀਆ ਵਿੱਚ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਵਾਸਤਵਿਕ ਸ਼ਾਨ ਤੇ ਪ੍ਰਤੀਭਾ ਨੂੰ ਵਰਨਣ ਕਰ ਰਹੇ ਹਨ ।

ਫਿਰ ਯੂਨਾਨ ਤੋਂ ਚੀਫ਼ ਰਵਾਏ ਗੈਬਰੀਅਲ ਨੈਗਰੀਨ ਸਾਹਬ ਕਹਿੰਦੇ ਹਨ, ਮੈਂ ਰੱਬ ਦਾ ਧੰਨਾਵਦੀ ਹਾਂ ਕਿ ਮੈਂਨੂੰ ਇਸ ਹੈਰਾਨੀ ਭਰਪੂਰ ਅੰਤਰ ਰਾਸ਼ਟਰੀ ਜਲਸੇ ਦਾ ਅੰਗ ਬਣਨ ਦਾ ਸੌਭਾਗ ਪ੍ਰਦਾਨ ਹੋਇਆ । ਰਬਾਏ ਹੋਣ ਦੇ ਪੱਖੋਂ ਮੈਂ ਇੱਥੇ ਹੋਰਨਾ ਧਰਮਾ ਤੇ ਅਕੀਦਿਆਂ ਲਈ ਪਰਵਾਨਗੀ ਤੇ ਸਨਮਾਨ ਨੂੰ ਅਨੁਭਵ ਕੀਤਾ । ਫਿਰ ਕਹਿੰਦੇ ਹਨ ਮੈਂਨੂੰ ਸਾਰਿਆਂ ਸਨਮਾਨ ਯੋਗ ਇਮਾਮਾ ਨੇ ਦਿਲੋਂ ਸਨਮਾਨ ਨਾਲ ਨਿਵਾਜ਼ਿਆ ਜਿੰਨ੍ਹਾ ਨਾਲ ਮੈਂ ਮਿਲਿਆ ਅਤੇ ਗਲੱਾਂ ਕਰਨ ਦਾ ਅਵਸਰ ਮਿਲਿਆ । ਫਿਰ ਕਹਿੰਦੇ ਹਨ ਕਿ ਮੈਂ ਵਾਸਤਵ ਵਿੱਚ ਖ਼ੁਸ਼ ਸੀ ਕਿ ਮੈਂ ਆਪਣੀ ਵਿਸ਼ੇਸ਼ ਟੋਪੀ ਪਾਕੇ ਬਿਨਾ ਕਿਸੇ ਧਮਕੀਆਂ ਭਰੇ ਸੰਕੇਤਾ ਜਾਂ ਕ੍ਰੋਧ ਭਰੀਆਂ ਨਜ਼ਰਾਂ ਜਾਂ ਕਟੱਰਤਾ ਭਰੀ ਪ੍ਰਤੀਕਿਰਿਆ ਦੇ ਹਜ਼ਾਰਾਂ ਮੁਸਲਮਾਨ ਭਰਾਵਾਂ ਵਿਚਕਾਰ ਘੁੰਮਦਾ ਫਿਰਦਾ ਸੀ ਅਤੇ ਇਹ ਉਕੱਾ ਹੀ ਉਸਦੇ ਵਿਪਰੀਤ ਸੀ ਜੋ ਹੋਰਨਾ ਥਾਵਾਂ'ਤੇ ਮੈਂਨੂੰ ਦੇਖਣ ਨੂੰ ਮਿਲਦਾ ਹੈ ।

ਯੋਰੋਗੋਏ ਤੋਂ ਇਕ ਇਸਤਰੀ ਮਹਿਮਾਨ ਸਨ ਜੋ ਯੂਨੀਵਰਸਿਟੀ ਵਿੱਚ ਓਰੀਐਂਟਲ ਸਟਡੀਜ਼ ਦੀ ਪ੍ਰੋਫ਼ੈਸਰ ਹਨ। ਕਹਿੰਦੀ ਹਨ ਕਿ ਮੈਂ ਤੀਹ ਸਾਲ ਤੋਂ ਵੱਧ ਸਮੇਂ ਤੋਂ ਇਸਲਾਮੀ ਦੇਸ਼ਾਂ ਤੇ ਤੰਜ਼ੀਮਾ ਦਾ ਅਧਿਐਨ ਕਰ ਰਹੀ ਹਾਂ । ਆਪ ਦੇ ਜਲਸੇ ਵਿੱਚ ਸ਼ਾਮਲ ਹੋਕੇ ਦੋ ਵਿਲਖੱਣ ਗਲੱਾਂ ਦੇਖੀਆਂ ਹਨ ਜੋ ਹੋਰ ਕਿਤੇ ਵੀ ਦੇਖਣ ਨੂੰ ਨਹੀਂ ਮਿਲੀਆਂ । ਪਹਿਲੀ ਗੱਲ ਇਹ ਹੈ ਕਿ ਜਮਾਤ ਦੀ ਏਕਤਾ ਤੇ ਇਕ ਲੀਡਰ ਹੋਣ ਕਰਕੇ ਏਕਤਾ ਦੀ ਉਧਾਰਣ ਕਿਤੇ ਨਹੀਂ ਦੇਖੀ । ਹਰ ਕੋਈ ਆਪਣੇ ਖ਼ਲੀਫ਼ਾ ਨਾਲ ਅਗਿਆਕਾਰੀ ਤੇ ਅਖ਼ਲਾਸ ਦਾ ਅਸਾਧਾਰਣ ਸੰਬੰਧ ਰਖੱਦਾ ਹੈ । ਦੂਜੀ ਗੱਲ ਇਹ ਹੈ ਕਿ ਜਮਾਤ ਕਿਸੇ ਵੀ ਪ੍ਰਕਾਰ ਦਾ ਰੇਸਈਜ਼ਮ ਨਹੀਂ ਪਾਇਆ ਜਾਂਦਾ ਭਾਵੇਂ ਕੋਈ ਪੈਦਾਇਸ਼ੀ ਅਹਮਦੀ ਹੋਵੇ ਜਾਂ ਨਵੇਂ ਬਣੇ ਅਹਮਦੀ, ਭਾਵੇਂ ਅਰਬ ਹੋਣ ਜਾਂ ਗ਼ੈਰ ਅਰਬ, ਭਾਵੇਂ ਪਾਕਿਸਤਾਨੀ ਹੋਣ ਜਾਂ ਗ਼ੈਰ ਪਾਕਿਸਤਾਨੀ ਆਪ ਦੀ ਜਮਾਤ ਦੀ ਵਿਵਸਥਾ ਹਰ ਪ੍ਰਕਾਰ ਦੇ ਰੇਸਈਜ਼ਮ ਅਤੇ ਜਾਤੀਵਾਦਤਾ ਤੋਂ ਪਾਕ ਮਲੂਮ ਹੁੰਦੀ ਹੈ ।

ਫਿਰ ਮਰਾਕਸ਼ ਦੇ ਇਕ ਮਿਤੱਰ ਹਨ ਜੋ ਫ਼ਲਫ਼ਸੇ ਦੇ ਪ੍ਰੋਫ਼ੈਸਰ ਹਨ, ਉਹ ਕਹਿੰਦੇ ਹਨ ਕਿ ਜਲਸੇ ਤੋਂ ਅਸੀਂ ਬਹੁਤ ਚੰਗਾ ਪ੍ਰਭਾਵ ਲਿਆ ਹੈ ਇਸ ਜਮਾਤ ਨੂੰ ਨੇੜਿਓਂ ਦੇਖਣ ਦਾ ਬਹੁਤ ਚੰਗਾ ਮੌਕਾ ਮਿਲਿਆ ਹੈ । ਅਸੀਂ ਇਸ ਅੰਤਰ ਰਾਸ਼ਟਰੀ ਸਮਾਰੋਹ ਵਿੱਚ ਜਮਾਤ ਦੀ ਬਹੁਤ ਮਜ਼ਬੂਤ ਵਿਵਸਥਾ ਤੇ ਵਿਭਾਗਾਂ ਦੀ ਵੰਡ ਅਤੇ ਮਹਿਮਾਨਾ ਲਈ ਵੱਧੀਆ ਸਵਾਗਤ ਨੂੰ ਦੇਖਿਆ । ਇਸੇ ਪ੍ਰਕਾਰ ਸਾਨੂੰ ਜਮਾਤ ਅਹਮਦੀਆ ਦੇ ਉੱਚੇ ਆਚਰਣ ਦਾ ਪਤਾ ਲਗੱਾ ਜੋ ਇਸਲਾਮ ਅਤੇ ਰਸੂਲੁਲੱਾਹ ਸਲਲੱਾਹੁ ਆਲੈਹਿ ਵਸਲੱਮ ਦੀ ਸਿੱਖਿਆ ਦਾ ਪ੍ਰਤੀਬਿੰਬ ਸਨ । ਇਸ ਜਲਸੇ ਰਾਹੀਂ ਵਿਰੋਧੀਆਂ ਦੇ ਪ੍ਰਾਪੇਗੰਡੇ ਦਾ ਝੂਠ ਵੀ ਸਾਡੇ ਉਪੱਰ ਖੁੱਲ ਗਿਆ । ਇਹ ਲੋਕ ਇਸ ਰੱਬੀ ਜਮਾਤ ਨਾਲ ਖ਼ਵਾਮ ਖ਼ਵਾਹ ਕੀਨਾ ਤੇ ਵੈਰ ਰਖੱਦੇ ਹਨ । ਰੱਬ ਤੁਹਾਨੂੰ ਮਾਨਵਤਾ ਦੀ ਸੇਵਾ ਕਰਨ ਦਾ ਸੰਜੋਗ ਪ੍ਰਦਾਨ ਕਰਦਾ ਚਲਾ ਜਾਏ ।

ਫਿਰ ਗਿਨੀ ਕਨਾਕਰੀ ਤੋਂ ਅਲਹਾਜ ਮੁਹਮੱਦ ਵਕੀਲ ਯਾਤਾਰਾ ਸਾਹਬ ਹਨ ਜੋ ਧਾਰਮਕ ਕਾਰਜਾਂ ਦੇ ਇੰਸਪੈਕਟਰ ਜਨਰਲ ਹਨ, ਉਹ ਕਹਿੰਦੇ ਹਨ ਕਿ ਜਲਸੇ ਦੇ ਤਿੰਨ ਦਿਨਾ ਵਿੱਚ ਜਿਸ ਚੀਜ਼ ਨੇ ਮੈਂਨੂੰ ਬਹੁਤਾ ਪ੍ਰਭਾਵਤ ਕੀਤਾ ਉਹ ਇਹ ਸੀ ਕਿ ਅਹਮਦੀ ਲੋਕਾਂ ਦੀ ਸੀਖ ਸਿੱਖਿਆ (ਤਰਬੀਯਤ) ਖ਼ਾਲਸ ਇਸਲਾਮੀ ਸਿੱਖਿਆਵਾਂ ਅਨੁਸਾਰ ਕੀਤੀ ਗਈ ਹੈ ਅਤੇ ਸਾਰੇ ਅਹਮਦੀ ਜੋ ਇਸ ਥਾਂ ਇਕਤੱਰ ਹੋਏ ਹਨ ਇਉਂ ਲਗੱਦਾ ਸੀ ਕਿ ਸਾਰੇ ਇਸਲਾਮੀ ਭਾਈਚਾਰੇ ਦੀ ਉਤੱਮ ਉਧਾਰਣ ਹਨ ਇਕ ਮਾਂ ਦੀ ਸੰਤਾਨ ਹਨ ਅਤੇ ਇਕ ਹੀ ਘਰੋਂ ਆ ਰਹੇ ਹਨ । ਅਸਾਧਾਰਣ ਵਾਤਾਵਰਣ, ਵਿਵਸਥਾ ਤੇ ਸਵੈ ਸੇਵਕਾਂ (ਵਲੰਟੀਯਰਜ਼) ਦੇ ਮੁਸਕਰਾਉਂਦੇ ਮੁਖੜੇ, ਜਲਸੇਗਾਹ ਵਿੱਚ ਬਿਨਾ ਕਿਸੇ ਕਸ਼ਟ ਦੇ ਆਉਂਣਾ ਜਾਣਾ, ਇਉਂ ਲਗੱਦਾ ਸੀ ਕਿ ਇਹ ਕੋਈ ਆਕਾਸ਼ੀ ਮਖ਼ਲੂਕ ਹਨ । ਇਹ ਸਭ ਕੁਝ ਦੇਖਕੇ ਲੱਗ ਰਿਹਾ ਸੀ ਕਿ ਅੱਜ ਜੇਕਰ ਕੋਈ ਜਮਾਤ ਇਸਲਾਮ ਦੀ ਉਧਾਰਣ ਬਣ ਸਕਦੀ ਹੈ ਤਾਂ ਉਹ ਅਹਮਦੀ

ਜਮਾਤ ਹੀ ਹੈ । ਕਹਿੰਦੇ ਹਨ ਮੈਨੂੰ ਹੋਰਨਾ ਇਸਲਾਮੀ ਦੇਸ਼ਾਂ ਤੋਂ ਬਿਨਾ ਸਊਦੀ ਅਰਬ ਵਿਚ ਵੀ ਅਨੇਕਾਂ ਵਾਰ ਜਾਣ ਮੌਕਾ ਪ੍ਰਾਪਤ ਹੋਇਆ ਹੈ ਪਰ ਮੈਂ ਖੁੱਲੀਆਂ ਅੱਖਾਂ ਨਾਲ ਕਹਿ ਰਿਹਾ ਹਾਂ ਕਿ ਮੈਨੂੰ ਅਜਿਹਾ ਇਸਲਾਮੀ ਭਾਈਚਾਰੇ ਨਾਲ ਭਰਪੂਰ ਵਾਤਾਵਰਣ ਕਿਤੇ ਵੀ ਨਹੀਂ ਮਿਲਿਆ । ਮੈਨੂੰ ਇਹ ਕਹਿੰਦੇ ਹੋਏ ਰਤਾ ਵੀ ਔਖ ਨਹੀਂ ਕਿ ਲਗਭਗ ਚਾਲ੍ਹੀ ਹਜ਼ਾਰ ਲੋਕਾਂ ਨੂੰ ਇਕ ਥਾਂ ਇਕਤੱਰ ਕਰਨਾ ਅਤੇ ਫਿਰ ਨਿਰੰਤਰ ਇਸਲਾਮੀ ਸਿੱਖਿਆਵਾਂ ਦਾ ਪ੍ਰਚਾਰ ਕਰਨਾ ਅਤੇ ਬਿਨਾ ਕਿਸੇ ਝਗੜੇ ਤੇ ਭਗਦੜ ਦੇ ਰੱਬ ਦੇ ਰਸੂਲ ਦੇ ਪ੍ਰੇਮ ਵਿੱਚ ਇਹ ਦਿਨ ਲੰਘਾਉਣਾ ਅਹਮਦੀਆ ਜਮਾਤ ਦੀ ਹੀ ਵਿਸ਼ੇਸ਼ ਗੁਣਵਤੱਾ ਹੈ ।

ਇਕ ਇਸਤਰੀ ਫ਼ਾਨਤਾ ਫ਼ੋਕਾਨਾ ਉਮਰ ਸਾਹਿਬਾ ਹਨ ਜੋ ਗਿਨੀ ਕਨਾਕਰੀ ਦੀ ਕਸਟਮ ਏਅਰਪੋਰਟ ਗਿਨੀ ਵਿੱਚ ਲੈਫ਼ਟੀਨੈਂਟ ਹਨ ਨਵੀ ਅਹਮਦੀ ਹਨ । ਕਹਿੰਦੀ ਹਨ ਕਿ ਬੇਸ਼ਕ ਮੈਂ ਅਹਮਦੀਆ ਸਿੱਖਿਆ ਤੋਂ ਪ੍ਰਭਾਵਤ ਹੋਕੇ ਅਹਮਦੀ ਹੋ ਗਈ ਸੀ ਪਰ ਮਨ ਵਿੱਚ ਡਰ ਸੀ ਕਿ ਕਿਤੇ ਮੈਥੋਂ ਕੋਈ ਗ਼ਲਤ ਫ਼ੈਸਲਾ ਤਾਂ ਨਹੀਂ ਲੈ ਲਿਆ ਗਿਆ, ਪਰ ਅੱਜ ਜੱਦ ਕਿ ਮੈਂ ਜਲਸਾ ਸਾਲਾਨਾ ਯੂਕੇ ਵਿੱਚ ਸ਼ਾਮਲ ਹੋਈ ਹਾਂ ਤਾਂ ਮੈਂ ਰੱਬ ਦੀ ਸਹੁੰ ਖਾਕੇ ਕਹਿ ਸਕਦੀ ਹਾਂ ਕਿ ਮੇਰੀਆਂ ਸਾਰੀਆਂ ਸ਼ੰਕਾਵਾਂ ਦੂਰ ਹੋ ਗਈਆਂ ਹਨ ਅਤੇ ਜਲਸੇ ਵਿੱਚ ਸ਼ਾਮਲ ਹੋਕੇ ਮੈਨੂੰ ਵਿਸ਼ਵਾਸ਼ ਹੋ ਗਿਆ ਹੈ ਕਿ ਦੁਨੀਆ ਵਿੱਚ ਜੇਕਰ ਅੱਜ ਕੋਈ ਜਮਾਤ ਇਸਲਾਮ ਦੀ ਨੁਮਾਇੰਦਗੀ ਕਰ ਸਕਦੀ ਹੈ ਤਾਂ ਉਹ ਅਹਮਦੀਆਂ ਮੁਸਲਿਮ ਜਮਾਤ ਹੀ ਹੈ ।

ਗੈਬੂਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਮੈਂਬਰ ਆਫ਼ ਪਾਰਲੀਮੈਂਟ ਪਾਲ ਬਯੋਗੇ ਸਾਹਬ ਜਲਸੇ ਵਿੱਚ ਸ਼ਾਮਲ ਹੋਏ ਸਨ । ਕਹਿੰਦੇ ਹਨ ਕਿ ਜਲਸੇ ਵਿੱਚ ਪੇਸ਼ ਕੀਤੇ ਜਾਣ ਵਾਲੇ ਭਾਸ਼ਣਾਂ ਤੋਂ ਮੈਨੂੰ ਇਸਲਾਮ ਵਿਸ਼ੇਸ਼ ਕਰਕੇ ਅਹਮਦੀਅਤ ਬਾਰੇ ਬਹੁਤ ਕੁਝ ਜਾਨਣ ਦਾ ਮੌਕਾ ਮਿਲਿਆ ਹੈ । ਮੈਂ ਅਹਮਦੀਅਤ ਨੂੰ ਵੀ ਹੋਰਨਾ ਮੁਸਲਮਾਨਾ ਵਾਂਗ ਸਮਝਦਾ ਸੀ ਜੋ ਦੁਨੀਆ ਦੇ ਅਮਨ ਨੂੰ ਬਰਬਾਦ ਕਰ ਰਹੇ ਹਨ, ਪਰ ਮੈਂ ਇੱਥੇ ਆਣਕੇ ਆਪਦੇ ਕੰਮਾ ਤੋਂ ਬਹੁਤ ਪ੍ਰਭਾਵਤ ਹੋਇਆ ਹਾਂ । ਆਪ ਮਿਹਨਤ ਕਰਨ ਵਾਲੇ ਲੋਕ ਹਨ ਆਪ ਦਾ ਇਸਲਾਮ ਹਕੀਕੀ ਇਸਲਾਮ ਹੈ ਜਿਸਦੀ ਅੱਜ ਦੁਨੀਆਂ ਨੂੰ ਇਸ ਦੀ ਲੋੜ ਹੈ, ਮੇਰੇ ਦੇਸ਼ ਨੂੰ ਵੀ ਇਸੇ ਇਸਲਾਮ ਦੀ ਲੋੜ ਹੈ ।

ਗੈਬੂਨ ਤੋਂ ਹੀ ਪਾਸਦਾਲਵੇ ਦੋਨਕਾ ਸਾਹਬ ਹਨ ਜੋ ਵਿਦੇਸ਼ ਮੰਤਰਾਲਾ ਵਿੱਚ ਡਇਰੈਕਟਰ ਕੈਬਨਿਟ ਹਨ ਕਹਿੰਦੇ ਹਨ ਕਿ ਜਲਸੇ ਦਾ ਮਹੌਲ ਬਹੁਤ ਹੀ ਉਮਦਾ ਸੀ, ਬਹੁਤ ਰੂਹਾਨੀ ਮਹੌਲ ਸੀ, ਉਸ ਨੂੰ ਕਦੇ ਨਹੀਂ ਭੁੱਲ ਸਕਦਾ । ਜਲਸੇ ਵਿੱਚ ਸ਼ਾਮਲ ਹੋਕੇ ਮੈਨੂੰ ਬਹੁਤ ਕੁਝ ਸਿਖੱਣ ਨੂੰ ਮਿਲਿਆ ਹੈ । ਇਸਲਾਮ ਬਾਰੇ ਬੁਹਤ ਕੁਝ ਜਾਨਣ ਤੇ ਸਮਝਣ ਦੀ ਤੌਫ਼ੀਕ ਮਿਲੀ । ਮੈਂ ਮੁਸਲਮਾਨ ਨਹੀਂ ਹਾਂ ਪਰ ਮੈਂ ਹੁਣ ਆਪਣੇ ਆਪ ਨੂੰ ਮੁਸਲਮਾਨ ਸਮਝਦਾ ਹਾਂ ।

ਇਕ ਮਹਿਮਾਨ ਹੈਰੀ ਅਲਗੋਂਸਾ ਸਾਹਬ ਜੋ ਸੈਂਟਰਲ ਅਫ਼ਰੀਕਨ ਰਿਪਬਲਿਕ ਦੇ ਪ੍ਰਧਾਨ ਦੇ ਸਲਾਹਕਾਰ ਹਨ, ਕਹਿੰਦੇ ਹਨ ਜਮਾਤ ਅਹਮਦੀਆ ਦਾ ਇਕ ਉਦੇਸ਼ ਹੈ ਕਿ ਦੁਨੀਆ ਵਿੱਚ ਭਾਈਚਾਰੇ ਦੀ ਸਥਾਪਨਾ ਹੋਵੇ ਇਸ ਕੰਮ ਲਈ ਦਿਨ ਰਾਤ ਕੰਮ ਤੇ ਮਿਹਨਤ ਕਰਦੇ ਹਨ ਜੱਦ ਕਿ ਦੁਨੀਆਂ ਦੀਆਂ ਦੂਜੀਆਂ ਤੰਜ਼ੀਮਾ ਵਿੱਚ ਇਸ ਆਲਾ ਆਚਰਣ ਦੀ ਕਮੀ ਹੈ ।

ਇਸ ਮੌਕੇ'ਤੇ ਮੈਂ ਆਪਣੀ ਤੇ ਆਪਣੇ ਦੇਸ਼ ਵੱਲੋਂ ਇਸ ਸਫ਼ਲ ਜਲਸੇ ਦੇ ਆਯੋਜਨ'ਤੇ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਮੈਂ ਜਮਾਤ ਅਹਮਦੀਆ ਨੂੰ ਸੱਦਾ ਦਿੰਦਾ ਹਾਂ ਕਿ ਆਪ ਮੇਰੇ ਦੇਸ਼ ਵਿੱਚ ਵੀ ਇਹਨਾਂ ਸਿੱਖਿਆਵਾਂ ਅਤੇ ਪ੍ਰੇਮ ਨੂੰ ਆਮ ਕਰਨ । ਮੇਰਾ ਦੇਸ਼ ਕਈ ਵਰ੍ਹਿਆਂ ਤੋਂ ਖ਼ਾਨਾਜੰਗੀ ਦੇ ਬਾਦ ਅਮਨ ਵੱਲ ਜਾ ਰਿਹਾ ਹੈ ਇਹਨਾ ਸਿੱਖਿਆਵਾਂ ਤੋਂ ਦੇਸ਼ ਵਿੱਚ ਅਮਨ ਦਾ ਚਿਰਸਥਾਈ ਸਥਾਪਨ ਸੰਭਵ ਹੋ ਸਕਦਾ ਹੈ । ਜਲਸੇ ਦਾ ਮਹੌਲ ਮੇਰੇ ਲਈ ਨ

ਭੁਲੱਣ ਵਾਲਾ ਹੈ ਅਤੇ ਮੇਰਾ ਜਤਨ ਹੋਵੇਗਾ ਕਿ ਮੈਂ ਹਰ ਸਾਲ ਜਲਸੇ ਵਿੱਚ ਸ਼ਾਮਲ ਹੋਕੇ ਰੂਹਾਨੀ ਸ਼ਾਂਤੀ ਪ੍ਰਾਪਤ ਕਰਾਂ ਅਤੇ ਇਸ ਦੇ ਲਈ ਮੈਂ ਦੁਆ ਕਰਦਾ ਹਾਂ । ਫਿਰ ਕਹਿੰਦੇ ਹਨ ਹੁਣ ਮੈਂ ਵਾਪਸ ਪਰਤ ਕੇ ਜਮਾਤ ਅਹਮਦੀਆ ਦੇ ਸੰਦੇਸ਼ ਨੂੰ ਦੂਜਿਆਂ ਤੱਕ ਪਹੁੰਚਾਵਾਂਗਾ ਕਿ ਇਹੋ ਹਕੀਕੀ ਇਸਲਾਮ ਹੈ ।

ਬ੍ਰਾਜ਼ੀਲ ਦੇ ਇਕ ਮਹਿਮਾਨ ਮੌਰੋ ਹੈਨਰੀ ਜੋ ਪੈਟ੍ਰੋ ਪਾਲਿਕਸ ਸਿਟੀ ਕੌਂਸਲ ਦੇ ਪ੍ਰਧਾਨ ਹਨ ਕਹਿੰਦੇ ਹਨ ਮੈਂਨੂੰ ਆਪਣੇ ਦੇਸ਼ ਬ੍ਰਾਜ਼ੀਲ ਦੀ ਨੁਮਾਇੰਦਗੀ ਵਿੱਚ ਇਸ ਮਹਾਨ ਇਸਲਾਮੀ ਜਲਸਾ ਸਾਲਾਨਾ ਵਿੱਚ ਸ਼ਾਮਲ ਹੋਣ ਦੀ ਬੇਹਦ ਖ਼ੁਸ਼ੀ ਹੋ ਰਹੀ ਹੈ । ਸਮੇਂ ਦੇ ਖ਼ਲੀਫ਼ਾ ਸਾਹਿਬ ਦੇ ਸਾਰੇ ਭਾਸ਼ਣ ਇਸਲਾਮ ਦਾ ਘਰ ਹਨ । ਆਪ ਦੀਆਂ ਗਲੱਾਂ ਆਪਣੇ ਆਪ ਹੀ ਦਿਲ ਵਿੱਚ ਉਤਰਦੀਆਂ ਜਾਂਦੀਆਂ ਹਨ । ਮੈਂ ਜਲਸੇ ਦੇ ਤਿੰਨ ਦਿਨ ਰੂਹਾਨੀ ਮਹੌਲ ਵਿੱਚ ਲੰਘਾਏ ਅਤੇ ਕਿਸੇ ਪ੍ਰਕਾਰ ਦੀ ਕੋਈ ਥਕਾਵਟ ਜਾਂ ਉਕਤਾਹਟ ਦਾ ਅਹਿਸਾਸ ਨਹੀਂ ਹੋਇਆ । ਜਲਸੇ ਵਿੱਚ ਨਮਾਜ਼ਾਂ ਦਾ ਦ੍ਰਿਸ਼ ਮੇਰੇ ਲਈ ਅਸਾਧਾਰਣ ਸੀ ਅਤੇ ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਇਕ ਅਵਾਜ਼'ਤੇ ਸਾਰਿਆਂ ਦਾ ਉਠਣਾ ਅਤੇ ਬੈਠਣਾ । ਇਸ ਤੋਂ ਬਿਨਾ ਇਕ ਹੋਰ ਗੱਲ ਜਿਸਨੇ ਮੇਰੇ ਉਪੱਰ ਇਕ ਅਸਾਧਾਰਣ ਪ੍ਰਭਾਵ ਛੱਡਿਆ ਹੈ ਜਿਸ ਨੂੰ ਬਿਆਨ ਕੀਤੇ ਬਿਨਾ ਨਹੀਂ ਰਹਿ ਸਕਦਾ ਜਿਵੇਂ ਹੀ ਖ਼ਲੀਫ਼ਾ ਕਿਤੇ ਵੀ ਆਉਂਦੇ ਹਨ ਤਾਂ ਹਜ਼ਾਰਾਂ ਲੋਕਾਂ ਦਾ ਇਕੱਠ ਇਕ ਹੀ ਵਾਰ ਚੁੱਪ ਹੋ ਜਾਂਦਾ ਹੈ ਕਿਸੇ ਨੂੰ ਕੁਝ ਆਖਣ ਦੀ ਲੋੜ ਨਹੀਂ ਪੈਂਦੀ । ਇਸ ਤੋਂ ਪਤਾ ਲਗੱਦਾ ਹੈ ਕਿ ਕੇਵਲ ਨਿਜ਼ਾਮ (ਵਿਵਸਥਾ) ਵਿੱਚ ਨਹੀਂ ਸਗੋਂ ਸਾਰਿਆਂ ਲੋਕਾਂ ਵਿੱਚ ਆਪਣੇ ਖ਼ਲੀਫ਼ਾ ਲਈ ਅਤਿ ਦਾ ਸਨਮਾਨ ਹੈ । ਇਹ ਯਾਦਾਂ ਆਪਣੇ ਨਾਲ ਲੈਕੇ ਵਾਪਸ ਜਾ ਰਿਹਾ ਹਾਂ । ਜੋ ਮੈਂ ਅਨੁਭਵ ਕੀਤਾ ਹੈ । ਇਸ ਨੂੰ ਮੈਂ ਆਪਣੇ ਸੈਂਟਰ ਵਿੱਚ ਆਣਕੇ ਕੌਂਸਲ ਵਿੱਚ ਅੱਗੇ ਫੈਲਾਵਾਂਗਾ । ਵਾਸਤਵ ਵਿੱਚ ਇਸਲਾਮ ਇਹੋ ਹੈ ।

ਫਿਰ ਓਰਲੀ ਮਸੀਸ ਜੋ ਕਿ ਐਕਵਾਡੋਰ ਤੋਂ ਆਏ ਸਨ ਆਪ ਖੇਤਰ ਦੇ ਬਿਸ਼ਪ ਹਨ ਕਹਿੰਦੇ ਹਨ ਕਿ ਜਲਸੇ ਦੇ ਪ੍ਰਬੰਧ ਬਹੁਤ ਉਮਦਾ ਸਨ । ਖ਼ਲੀਫ਼ਾ ਦੇ ਭਾਸ਼ਾਣ ਵਿੱਚ ਉਹ ਸਾਰੇ ਗੁਣ ਮੌਜੂਦ ਸਨ ਜੋ ਸਾਡੇ ਦ੍ਰਿਸ਼ਟੀਕੋਣ ਨੂੰ ਬਦਲਣ ਲਈ ਜ਼ਰੂਰੀ ਹਨ । ਮੈਂਨੂੰ ਉਹਨਾ ਦੇ ਭਾਸ਼ਣ ਦੀ ਸਭ ਤੋਂ ਚੰਗੀ ਗੱਲ ਇਹ ਲੱਗੀ ਕਿ ਉਹਨਾ ਨੇ ਕਿਸੇ ਕੌਮ ਜਾਂ ਧਰਮ ਬਾਰੇ ਵਿਰੋਧੀ ਗੱਲ ਉਕੱਾ ਹੀ ਨਹੀਂ ਕੀਤੀ ਸਗੋਂ ਸਾਰਾ ਜ਼ੋਰ ਇਸਲਾਮ ਦੀ ਵਾਸਤਵਿਕਤਾ ਅਤੇ ਸੱਚੀ ਸਿੱਖਿਆ ਉਪੱਰ ਸੀ । ਕਹਿੰਦੇ ਹਨ ਮੈਂ ਜੱਦ ਇਸ ਜਲਸਾ ਵਿੱਚ ਸ਼ਾਮਲ ਹੋਣ ਲਈ ਘਰੋਂ ਨਿਕਲਿਆ ਤਾਂ ਮੇਰੇ ਮਨ ਵਿੱਚ ਇਸਲਾਮ ਇਕ ਧਰਮ ਤੋਂ ਵੱਧ ਨਹੀਂ ਸੀ, ਪਰ ਇੱਥੇ ਆਣਕੇ ਮੈਂ ਦੇਖਿਆ ਕਿ ਇਸਲਾਮ ਇਕ ਧਰਮ ਹੀ ਨਹੀਂ ਸਗੋਂ ਇਕ ਮਹਾਨ ਭਾਈਚਾਰਾ ਹੈ ਇਕ ਕੁੰਬਾ ਹੈ ਇਕ ਪਰਿਵਾਰ ਹੈ । ਮੈਂ ਇਸਲਾਮ ਦੇ ਸਥਾਪਨ ਕੀਤੇ ਭਾਈਚਾਰੇ ਦੇ ਨਿਜ਼ਾਮ ਅਤੇ ਆਪ ਲੋਕਾਂ ਤੇ ਆਪਣੇ ਧਰਮ ਬਾਰੇ ਜਾਂਨ ਵਾਰ ਦੇਣ ਲਈ ਤਤਪਰ ਤੇ ਕੁਰਬਾਨੀਆਂ ਨੂੰ ਦੇਖਕੇ ਬਹੁਤ ਪ੍ਰਭਾਵਤ ਹੋਇਆ ਹਾਂ । ਫਿਰ ਆਲਮੀ ਬੈਅਤ ਦੇ ਹਵਾਲੇ ਨਾਲ ਕਹਿੰਦੇ ਹਨ ਕਿ ਜਿਵੇਂ ਹੀ ਬੈਅਤ ਸ਼ੁਰੂ ਹੋਈ ਤਾਂ ਕਿਸੇ ਨੇ ਮੇਰੇ ਮੋਢਿਆਂ'ਤੇ ਆਪਣਾ ਹੱਥ ਰਖੱ ਦਿਤੱਾ ਅਤੇ ਮੈਂ ਵੀ ਆਪਣਾ ਹੱਥ ਅੱਗੇ ਵਾਲੇ ਵਿਅਕਤੀ ਦੇ ਮੋਢੇ ਉਪੱਰ ਰੱਖ ਦਿਤੱਾ ਤਾਂ ਮੈਂ ਅਨੁਭਵ ਕੀਤਾ ਕਿ ਇਕ ਤੜਿਤ (ਬਿਜਲੀ ਜਿਹੀ) ਲਹਿਰ ਹੈ ਜੋ ਸਾਰਿਆਂ ਜਲਸੇ ਵਿੱਚ ਭਾਗ ਲੈਂਣ ਵਾਲਿਆਂ ਵਿੱਚੋਂ ਲੰਘ ਰਹੀ ਹੈ । ਮੈਂ ਵਿਸ਼ੇਸ਼ ਰੂਪ ਵਿੱਚ ਅਨੁਭਵ ਕੀਤਾ ਕਿ ਅਹਮਦੀ ਇਸ ਬੈਅਤ ਦੇ ਬਾਦ ਆਪਣੇ ਆਪ ਨੂੰ ਤਾਜ਼ਾ ਸਾਹ ਅਨੁਭਵ ਕਰ ਰਹੇ ਸਨ ਅਤੇ ਅਜਿਹੇ ਸਨ ਜਿਵੇਂ ਉਹਨਾ ਨੂੰ ਇਕ ਨਵਾਂ ਜੀਵਨ ਮਿਲ ਗਿਆ ਹੈ । ਮੈਂ ਸਾਰਿਆਂ ਦਾ ਧੰਨਵਾਦੀ ਹਾਂ ਕਿ ਉਹਨਾ ਨੇ ਮੈਂਨੂੰ ਜਲਸੇ ਵਿੱਚ ਭਾਗ ਲੈਂਣ ਦਾ ਮੌਕਾ ਦਿਤੱਾ ਅਤੇ ਇਸਲਾਮ ਦੀ ਵਾਸਤਵਿਕ ਸਿੱਖਿਆ ਤੋਂ ਜਾਣੂ ਕਰਾਇਆ ਅਤੇ ਹੁਣ ਮੈਂਨੂੰ ਵਿਸ਼ੇਸ਼ ਰੂਪ ਵਿੱਚ ਇਹ ਅਹਿਸਾਸ ਹੋਇਆ ਹੈ ਕਿ ਸਾਨੂੰ ਕੁਝ ਲੋਕਾਂ ਦੇ ਗ਼ਲਤ ਕਾਰਜਾਂ ਕਰਕੇ ਸਾਰੇ ਧਰਮ ਇਸਲਾਮ ਨੂੰ ਗ਼ਲਤ ਨਹੀਂ ਸਮਝਣਾ ਚਾਹੀਦਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸਿਲਵੇਨੀਆ ਦੀ ਬਾਰਬਰਾ ਓਰੇ ਸਾਹਿਬਾ ਜੋ ਇਸਾਈਯਤ ਦੀ ਪ੍ਰੋਫ਼ੈਸਰ ਹਨ ਕਹਿੰਦੀ ਹਨ ਕਿ ਮੈਂ ਕਦੇ ਵੀ ਅਜਿਹਾ ਇਸਲਾਮ ਨਹੀਂ ਦੇਖਿਆ ਜੋ ਜਮਾਤ ਅਹਮਦੀਆ ਪੇਸ਼ ਕਰਦੀ ਹੈ ਜਲਸਾ ਦੇਖਕੇ ਮੈਂਨੂੰ ਅਜਿਹਾ ਲੱਗ ਰਿਹਾ ਸੀ ਕਿ ਮੈਂ ਇਕ ਨਵੇਂ ਇਸਲਾਮ ਨੂੰ ਦੇਖ ਰਹੀ ਹਾਂ । ਜਮਾਤ ਅਹਮਦੀਆ ਦਾ ਹਜ਼ਰਤ ਈਸਾ ਦੀ ਸਲੀਬ ਦੀ ਘਟਨਾ ਅਤੇ ਹਿਜਰਤ ਅਤੇ ਵਫ਼ਾਤ ਬਾਰੇ ਵਿਚਾਰ ਸਾਰਿਆਂ ਤੋਂ ਵੱਧ ਵਿਸ਼ਵਾਸ਼ ਯੋਗ ਅਤੇ ਸਚੱਾਈ ਅਨੁਸਾਰ ਮਲੂਮ ਹੁੰਦੇ ਹਨ ।

ਮੌਂਸ ਸਿਨਾਨੋਵਚ ਸਾਹਬ ਜੋ ਸਿਲਵੇਨੀਆ ਵਿੱਚ ਇਕ ਲੇਖਕ ਹਨ ਅਤੇ ਪੈਦਾਇਸ਼ੀ ਮੁਸਲਮਾਨ ਹਨ ਪਰ ਕਦੇ ਵੀ ਇਸਲਾਮ ਵਿੱਚ ਦਿਲਚਸਪੀ ਨਹੀਂ ਰਹੀ । ਕਹਿੰਦੇ ਹਨ ਪਿਛਲੇ ਦੋ ਵਰ੍ਹਿਆਂ ਤੋਂ ਮੈਂ ਇਸਲਾਮ ਬਾਰੇ ਪੜ੍ਹਨਾ ਸ਼ੁਰੂ ਕੀਤਾ ਅਤੇ ਫਿਰ ਆਪਣੀਆਂ ਨਮਾਜ਼ਾਂ ਵੀ ਪੜ੍ਹਨੀਆਂ ਸ਼ੁਰੂ ਕੀਤੀਆਂ ਪਰ ਕਦੇ ਵੀ ਕਿਸੇ ਇਮਾਮ ਦੇ ਪਿੱਛੇ ਨਮਾਜ਼ ਨਹੀਂ ਪੜ੍ਹੀ । ਪਰ ਇੱਥੇ ਆਣਕੇ ਜਮਾਤ ਨਾਲ ਨਮਾਜ਼ ਪੜ੍ਹਨ ਦਾ ਜੋ ਆਨੰਦ ਆਇਆ ਉਹ ਉਕੱਾ ਹੀ ਵਖੱਰਾ ਆਨੰਦ ਹੈ । ਜਮਾਤ ਅਹਮਦੀਆ ਦੀ ਸਿੱਖਿਆ ਉਹੋ ਸਿੱਖਿਆ ਹੈ ਜੋ ਮੈਂ ਇਸਲਾਮ ਬਾਰੇ ਆਪ ਸਮਝਦਾ ਸੀ ਅਰਥਾਤ ਹਰ ਚੀਜ਼ ਸੁਭਾਵ ਅਨੁਸਾਰ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਕ ਹੋਰ ਗੱਲ ਜੋ ਉਹਨਾਂ ਨੂੰ ਪਸੰਦ ਆਈ ਉਹ ਇਹ ਸੀ ਕਿ ਅਹਮਦੀ ਉਹੋ ਕਰਦੇ ਹਨ ਜੋ ਕਹਿੰਦੇ ਹਨ ਅਤੇ ਇਹ ਇਕ ਬਹੁਤ ਵਡੱਾ ਚੈਲੈਂਜ ਵੀ ਹੈ ਸਾਡੇ ਲਈ ਅਤੇ ਹਮੇਸ਼ਾ ਚੇਤੇ ਰੱਖੋ ਕਿ ਸਾਡੇ ਕਥਨ ਤੇ ਕਰਮ ਇਕ ਹੋਣੇ ਚਾਹੀਦੇ ਹਨ, ਜੋ ਅਸੀਂ ਆਖੀਏ ਉਹੋ ਕਰੀਏ ।

ਇਟਲੀ ਦੀ ਮੈਡਾਲੀਨਾ ਸਾਹਿਬਾ ਜਿੰਨ੍ਹਾ ਨੇ ਵੈਟੀਕਨ ਦੀ ਇਸਲਾਮੀ ਯੂਨੀਵਰਸਿਟੀ ਵਿੱਚ ਪੀ.ਐਚ.ਡੀ. ਦੀ ਡਿਗਰੀ ਹਾਸਲ ਕੀਤੀ ਹੈ ਕਹਿੰਦੀ ਹਨ ਕਿ ਜਲਸਾ ਸਾਲਾਨਾ ਬਹੁਤ ਮਨਮੋਹਕ ਤੇ ਸ਼ਾਂਤੀ ਅਤੇ, ਪ੍ਰੇਮ ਨਾਲ ਭਰਿਆ ਹੋਇਆ ਸੀ । ਹਰ ਵਿਵਸਥਾ ਚੰਗੀ ਸੀ, ਭਾਸ਼ਣ ਬਹੁਤ ਚੰਗੇ ਸਨ ਅਤੇ ਕੇਵਲ ਅਹਮਦੀ ਲੋਕਾਂ ਲਈ ਨਹੀਂ ਸਗੋਂ ਸਾਰਿਆਂ ਮਹਿਮਾਨਾ ਦੇ ਗਿਆਨ ਵਿੱਚ ਵਾਧੇ ਵਾਲੇ ਸਨ ।

ਜਵਾਦ ਬੋਲਾਮਿਲ ਸਾਹਿਬ ਜੋ ਫ਼੍ਰਾਂਸ ਵਿੱਚ ਮਿਨਿਸਟਰੀ ਆਫ਼ ਜਸਟਿਸ ਲਈ ਕੰਮ ਕਰਦੇ ਹਨ ਜਲਸੇ ਦੇ ਦਿਨਾਂ ਵਿੱਚ IAAAE ਅਤੇ ਹਿਊਮੈਂਨਿਟੀ ਫ਼੍ਰਸਟ ਦੀ ਨੁਮਾਇਸ਼ ਵਿੱਚ ਜਾਕੇ ਅਤੇ ਆਪ ਦੀ ਜਮਾਤ ਦੇ ਸਮਾਜਕ ਕੰਮ ਦੇਖਕੇ ਬਹੁਤ ਪ੍ਰਭਾਵਤ ਹੋਇਆ । ਅਸਲ ਧਰਮ ਇਹੋ ਹੈ ਜੋ ਬਿਨਾ ਕਿਸੇ ਜਾਤੀ ਵਾਦ ਦੇ ਮਤਿਭੇਦ ਦੇ ਮਾਨਵ ਸੇਵਾ ਕਰ ਰਿਹਾ ਹੈ ।

ਸਪੇਨ ਦੇ ਜੱਥੇ ਵਿੱਚ ਇਕ ਮਹਿਮਾਨ ਸੁਜ਼ਾਨਾ ਮੋਰਾਲ ਸ਼ਾਮਲ ਸਨ ਕਹਿੰਦੀ ਹਨ ਕਿ ਮੇਰੇ ਵਿਚਾਰ ਵਿੱਚ 'ਪ੍ਰੇਮ ਸਾਰਿਆਂ ਨਾਲ, ਨਫ਼ਰਤ ਕਿਸੇ ਤੋਂ ਨਹੀਂ' ਇਹ ਵਾਕ ਇਸ ਸ਼ਾਨਦਾਰ ਸਮਾਰੋਹ ਨੂੰ ਪ੍ਰਤੀਬਿੰਬਤ ਕਰ ਰਿਹਾ ਹੈ। ਮੈਂ ਵੱਖ ਵੱਖ ਲੋਕਾਂ ਨੂੰ ਆਪੋ ਵਿੱਚ ਮਿਲਦਿਆਂ ਦੇਖਿਆ ਹੈ ਇਹ ਇਕ ਅਜਿਹਾ ਧਰਮ ਹੈ ਜਿਸਨੂੰ ਦੁਨੀਆ ਵਿੱਚ ਅਮਨ ਦੀ ਸਥਾਪਨਾ ਦੇ ਕਾਰਜਾਂ ਅਤੇ ਅਨਿਆਏ ਦੇ ਵਿਰੁਧ ਜੰਗ ਲਈ ਜਾਣਾ ਚਾਹੀਦਾ ਹੈ ।

ਓਫ਼ਰੇ ਸਾਹਬ ਜੋ ਬ੍ਰਿਟਿਸ਼ ਸੋਸਾਇਟੀ ਆਫ਼ ਟਿਯੂਰਨ ਸ਼ਰਾਉਡ ਦੇ ਸਾਬਕਾ ਐਡੀਟਰ ਹਨ ਕਹਿੰਦੇ ਹਨ ਕਿ ਮੈਂ ਬਕਾਇਦਾ ਪੰਜ ਸਾਲ ਤੋਂ ਜਲਸੇ ਵਿੱਚ ਆ ਰਿਹਾ ਹਾਂ ਅਤੇ ਮੈਂਨੂੰ ਇਹ ਕਹਿਣਾ ਪੈਂਦਾ ਹੈ ਕਿ ਇਸ ਨੇ ਆਪਣੀਆ ਮਨਮੋਹੱਕ ਦੁਆਵਾਂ ਨਾਲ ਭਰਪੂਰ ਉਸ ਆਤਮਾ ਨੂੰ ਖ਼ਤਮ ਨਹੀਂ ਹੋਣ ਦਿਤੱਾ ਜੋ ਇਸ ਦੀ ਫ਼ਿਜ਼ਾ ਵਿੱਚ ਮੈਂਨੂੰ ਉਸ ਸਮੇਂ ਅਨੁਭਵ ਹੋਈ ਸੀ ਜੱਦ ਪਹਿਲੀ ਵਾਰ ਸਦੱਾ ਦਿਤੱਾ ਗਿਆ ਸੀ । ਮੈਂ ਸ਼ਰਾਊਡ ਆਫ਼ ਟਿਯੂਰਨ ਦਾ ਮਾਹਰ ਹਾਂ ਅਤੇ ਇਹ ਇਕ ਅਜਿਹਾ ਕਪੜਾ ਹੈ ਜੋ ਅਹਮਦੀਆ ਜਮਾਤ ਵਿੱਚ ਅਤਿਅੰਤ ਦਿਲਚਸਪੀ ਦਾ ਸਬਬ ਹੈ ਕਿਉਂਕਿ ਇਹਨਾ ਦਾ ਵਿਚਾਰ ਹੈ ਕਿ ਇਹ ਇਕ ਪ੍ਰਮਾਣ ਹੈ ਕਿ ਮਸੀਹ ਦੀ ਵਫ਼ਾਤ ਸਲੀਬ ਉਪਰ ਨਹੀਂ ਹੋਈ ਸੀ ।

ਫਿਰ ਕੈਨੇਡਾ ਦੀ ਅਬਰੀਜਨਲ ਕਮਿਊਨਿਟੀ ਦੇ ਨੁਮਾਇੰਦੇ ਚੀਫ਼ ਮਏਨਗਮ ਹੈਨਰੀ ਕਹਿੰਦੇ ਹਨ ਕਿ ਜਲਸਾ ਸਾਲਾਨਾ ਵਿੱਚ ਭਾਗ ਲੈਂਣਾ ਮੇਰੇ ਲਈ ਬਹੁਤ ਮਹਤੱਵਪੂਰਨ ਹੈ ਕਿਉਂਕਿ ਇਸ ਨਾਲ ਮੇਰਾ ਜੀਵਨ ਹੀ ਬਦਲ ਗਿਆ ਹੈ । ਮੈਂ ਹੁਣ ਇਸਲਾਮ ਬਾਰੇ ਪਹਿਲਾਂ ਤੋਂ ਬਹੁਤਾ ਜਾਣਦਾ ਹਾਂ ਅਤੇ ਮੈਂਨੂੰ ਅਹਿਸਾਸ ਹੋਇਆ ਹੈ ਕਿ ਇਸਲਾਮ ਅਤੇ ਕੈਨੇਡਾ ਦੇ ਪੁਰਾਤਨ ਧਰਮਾ ਵਿੱਚ ਬਹੁਤ ਸਾਰੀਆਂ ਗਲੱਾਂ ਅਨੁਕੂਲ ਪਾਈਆਂ ਜਾਂਦੀਆਂ ਹਨ ।

ਬੈਲੀਜ਼ ਦੀ ਇਕ ਮਹਿਮਾਨ ਵੀਨੇ ਟ੍ਰੀਓ ਡਾਇਰੈਕਟਰ ਆਫ਼ ਨਿਊਜ਼ਲੋ ਐਫ਼.ਐਮ. ਕਹਿੰਦੀ ਹਨ ਕਿ ਮੈਂ ਅਹਮਦੀਆਂ ਵਿੱਚ ਜੋ ਏਕਤਾ ਦੇਖੀ ਹੈ ਉਹ ਮਨੁਖ ਵਿੱਚ ਇਕ ਨਵੀਂ ਆਤਮਾ ਪਾਉਣ ਵਾਲੀ ਹੈ । ਇਸਨੂੰ ਦੇਖਕੇ ਦਿਲ ਵਿੱਚ ਅਮਨ ਦੇ ਹਾਸਲ ਕਰਨ ਦੀ ਇਛੱਾ ਸਿਰ ਚੁਕੱਦੀ ਹੈ । ਪ੍ਰਬੰਧ ਬਹੁਤ ਹੀ ਵਿਵਸਥਤ ਸਨ । ਇਮਾਮ ਜਮਾਤ ਦੇ ਖ਼ੁਤਬੇ (ਭਾਸ਼ਣ) ਵਰਤਮਾਨ ਸਮੇਂ ਦੀ ਐਨ ਲੋੜ ਅਨੁਸਾਰ ਸਨ ।

ਬੈਲੀਜ਼ ਦੇ ਚਸਟਰ ਵਿਲਯਮ ਸਾਹਬ ਜੋ ਪੁਲਿਸ ਕਮਿਸ਼ਨਰ ਹਨ ਕਹਿੰਦੇ ਹਨ ਇਸਲਾਮ ਬਾਰੇ ਮੇਰੇ ਗਿਆਨ ਵਿੱਚ ਵਾਧਾ ਹੋਇਆ ਹੈ । ਇਸ ਜਲਸੇ ਵਿੱਚ ਭਾਗ ਤੋਂ ਪਹਿਲਾਂ ਮੈਂਨੂੰ ਲਗੱਦਾ ਸੀ ਕਿ ਮੁਸਲਮਾਨ ਇੱਕੋ ਜਿਹੇ ਹੀ ਹਨ । ਹੁਣ ਸਮਝ ਵਿੱਚ ਆਇਆ ਹੈ ਕਿ ਹੋਰ ਵੀ ਫਿਰਕੇ ਹਨ । ਸ਼ਲਾਘਾ ਯੋਗ ਗੱਲ ਇਹ ਹੈ ਕਿ ਅਹਮਦੀ ਅਮਨ ਨੂੰ ਪਹਿਲ ਦਿੰਦੇ ਹਨ ਅਤੇ ਨੌਜੁਆਨਾ ਦੇ ਸੁਧਾਰ ਲਈ ਬਹੁਤ ਸਾਰਾ ਸਮਾਂ ਖ਼ਰਚ ਕਰਦੇ ਹਨ ।

ਮੈਕਸੀਕੋ ਦੀ ਮਾਰੀਆ ਸਾਹਿਬਾ ਕਹਿੰਦੀ ਹਨ ਕਿ ਮੈਂਨੂੰ ਇਸਲਾਮ ਕੁਬੂਲ ਕੀਤੇ ਕੇਵਲ ਦੋ ਮਹੀਨੇ ਹੋਏ ਹਨ ਮੇਰੇ ਇਸਲਾਮ ਬਾਰੇ ਵਾਹਵਾ ਪ੍ਰਸ਼ਨ ਸਨ । ਜਲਸੇ ਵਿੱਚ ਭਾਗ ਲੈਂਣ ਦੇ ਕਾਰਣ ਮੇਰੀ ਇਸਲਾਮ ਬਾਰੇ ਜਾਣਕਾਰੀ ਵਿਚ ਵਾਧਾ ਹੋਇਆ ਹੈ । ਮੇਰੇ ਸਾਰੇ ਸ਼ੰਕੇ ਅਤੇ ਪ੍ਰਸ਼ਨ ਖ਼ਤਮ ਹੋ ਗਏ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਜਲਸੇ ਵਿੱਚ ਭਾਗ ਲੈਂਣ ਵਾਲੇ ਅਹਮਦੀਆਂ ਲਈ ਇਹ ਜਲਸਾ ਉਹਨਾ ਦੇ ਇਮਾਨ ਵਿੱਚ ਤਰੱਕੀ ਦਾ ਸਬਬ ਬਣਾਏ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਮੁਜੀਬੁਰ ਰਹਮਾਨ ਸਾਹਬ ਐਡਵੋਕੇਟ ਦਾ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ, ਜਿੰਨ੍ਹਾ ਦੀ 30 ਜੁਲਾਈ 2019 ਈ. ਨੂੰ ਰਬਵਾਹ ਵਿੱਚ ਤਾਹਿਰ ਹਾਰਟ ਇੰਸਟੀਚਿਊਟ ਵਿੱਚ 85 ਸਾਲ ਦੀ ਉਮਰ ਵਿੱਚ ਵਫ਼ਾਤ ਹੋ ਗਈ ਸੀ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 09.08.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131